# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. 104-106,ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ੍ਹ
ਫ਼ੋਨ ਨੰ : 0172-2623206,2623207


ਵੱਲ

**ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ.)**
**ਪੰਜਾਬ।**

ਮੀਮੋ ਨੰ:- 17/5-2009/BRP/SSA/54444-483
ਮਿਤੀ: ਚੰਡੀਗੜ੍ਹ, 24-07-2009

**ਵਿਸ਼ਾ:** **ਸਿੱਖਿਆ ਕਰਮੀਆਂ ਦੀ ਰੈਸ਼ਨੇਲਾਈਜ਼ੇਸ਼ਨ ਅਤੇ ਬਜਟ ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮਿਤੀ 18 ਜੁਲਾਈ,2009 ਨੂੰ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਦੀ ਮਹੀਨਾਵਾਰ ਮੀਟਿੰਗ ਦੌਰਾਨ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੇ ਆਦੇਸ਼ ਅਨੁਸਾਰ ਆਪਣੇ ਜ਼ਿਲੇ ਵਿੱਚ ਕੰਮ ਕਰਦੇ ਸਿੱਖਿਆ ਕਰਮੀਆਂ ਦੀ ਵਿਸਥਾਰਤ ਸੂਚਨਾ ਹੇਠਾਂ ਦਰਸਾਈਆਂ ਮਿਤੀਆਂ ਅਤੇ ਪ੍ਰਫਾਰਮੇ ਅਨੁਸਾਰ ਤਿਆਰ ਕਰਕੇ ਮੁਕੰਮਲ ਰਿਕਾਰਡ ਸਹਿਤ ਮੁੱਖ ਦਫ਼ਤਰ ਵਿਖੇ ਨਿੱਜੀ ਤੌਰ ਤੇ ਲਿਆਂਦੀ ਜਾਵੇ।

| ਲੜੀ.ਨੰ. | ਜ਼ਿਲਾ | ਦਰਸਾਈ ਮਿਤੀ |
|---|---|---|
| I. | ਮੁਹਾਲੀ | 3 ਅਗਸਤ,2009 |
| II. | ਗੁਰਦਾਸਪੁਰ | 4 ਅਗਸਤ,2009 |
| III. | ਸੰਗਰੂਰ | 6 ਅਗਸਤ,2009 |
| IV. | ਨਵਾਂਸ਼ਹਿਰ | 7 ਅਗਸਤ,2009 |
| V. | ਮੁਕਤਸਰ, ਮਾਨਸਾ | 10 ਅਗਸਤ,2009 |
| VI. | ਕਪੂਰਥਲਾ, ਅੰਮ੍ਰਿਤਸਰ | 11 ਅਗਸਤ,2009 |
| VII. | ਫਤਿਹਗੜ੍ਹ ਸਾਹਿਬ | 12 ਅਗਸਤ,2009 |
| VIII. | ਜਲੰਧਰ, ਲੁਧਿਆਣਾ | 13 ਅਗਸਤ,2009 |
| IX. | ਬਰਨਾਲਾ, ਫਰੀਦਕੋਟ | 17 ਅਗਸਤ,2009 |
| X. | ਰੋਪੜ, ਬਠਿੰਡਾ | 18 ਅਗਸਤ,2009 |
| XI. | ਫਿਰੋਜ਼ਪੁਰ | 19 ਅਗਸਤ,2009 |
| XII. | ਹੁਸ਼ਿਆਰਪੁਰ, ਮੋਗਾ | 20 ਅਗਸਤ,2009 |
| XIII. | ਪਟਿਆਲਾ, ਤਰਨਤਾਰਨ | 21 ਅਗਸਤ,2009 |

3.0 ਸਿੱਖਿਆ ਕਰਮੀਆਂ ਦੀ ਰੈਸ਼ਨੇਲਾਈਜ਼ੇਸ਼ਨ ਬੱਚਿਆਂ ਅਤੇ ਅਧਿਆਪਕਾਂ ਦੀ ਗਿਣਤੀ ਦੇ ਅਨੁਪਾਤ ਨੂੰ ਮੁੱਖ ਰੱਖਕੇ ਕੀਤੀ ਜਾਵੇ।ਸਿੱਖਿਆ ਕਰਮੀਆਂ ਦਾ ਸਲਾਨਾ ਬਜਟ ਉਹਨਾਂ ਦੀ ਯੋਗਤਾ ਦੇ ਅਨੁਸਾਰ ਤਿਆਰ ਕਰਕੇ ਮੁੱਖ ਦਫ਼ਤਰ ਨੂੰ ਦਿੱਤਾ ਜਾਵੇ ਤਾਂ ਜੋ ਲੋੜੀਂਦੇ ਫੰਡ ਜਾਰੀ ਕੀਤੇ ਜਾ ਸਕਣ।

4.0 ਬਠਿੰਡਾ, ਫਿਰੋਜ਼ਪੁਰ, ਹੁਸ਼ਿਆਰਪੁਰ, ਮੋਗਾ, ਜਲੰਧਰ, ਲੁਧਿਆਣਾ, ਰੋਪੜ, ਤਰਨਤਾਰਨ ਜ਼ਿਲਿਆਂ ਵਿੱਚ BMTs/CMTs ਦੀ ਥਾਂ ਤੇ ਸਿਖਿਆ ਕਰਮੀ ਲਗਾਏ ਜਾਣ ਅਤੇ ਬਾਕੀ ਦੇ ਜ਼ਿਲਿਆਂ ਵਿੱਚ ਰੈਸ਼ਨੇਲਾਈਜ਼ੇਸ਼ਨ ਤੋਂ ਬਾਅਦ BMTs/CMTs ਦੀ ਥਾਂ ਤੇ ਸਿਖਿਆ ਕਰਮੀ ਲਗਾਏ ਜਾਣ ਤਾਂ ਜੋ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ।

5.0 ਸਿੱਖਿਆ ਕਰਮੀਆਂ ਦੇ ਕੰਮ ਦਾ ਮਹੀਨਾਵਾਰ ਮੁਲਾਂਕਣ 'ਪੜ੍ਹੋ ਪੰਜਾਬ' ਦੀ ਟੀਮ ਰਾਹੀਂ ਕਰਵਾਇਆ ਜਾਵੇ ਅਤੇ ਇਸ ਦੀ ਸੂਚਨਾ ਮੁੱਖ ਦਫ਼ਤਰ ਨੂੰ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

**ਨੰ:** 17/5-2009/BRP/SSA/ **ਮਿਤੀ-**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਸਮੂਹ ਜਿਲ੍ਹਾ ਕੋਆਰਡੀਨੇਟਰ 'ਪੜ੍ਹੋ ਪੰਜਾਬ'

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**